# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 09 ਨਵੰਬਰ 2023 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਦੀ 23ਵੀਂ ਸਲਾਨਾ ਪੰਜਾਬੀ ਸਾਹਿਤਕ ਕਾਨਫਰੰਸ

### ਪੰਜਾਬੀ ਭਾਸ਼ਾ, ਕਵਿਤਾ, ਕਹਾਣੀ ਅਤੇ ਆਲੋਚਨਾ ਬਾਰੇ ਹੋਈ ਅਰਥ ਭਰਪੂਰ ਵਿਚਾਰ ਚਰਚਾ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਹੇਵਰਡ, 9 ਨਵੰਬਰ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਵੱਲੋਂ ਹੇਵਰਡ ਵਿਖੇ ਕਰਵਾਈ ਗਈ 23ਵੀਂ ਸਲਾਨਾ ਪੰਜਾਬੀ ਸਾਹਿਤਕ ਕਾਨਫਰੰਸ ਵਿਚ ਪੰਜਾਬੀ ਭਾਸ਼ਾ, ਕਵਿਤਾ, ਕਹਾਣੀ ਅਤੇ ਆਲੋਚਨਾ ਬਾਰੇ ਅਰਥ ਭਰਪੂਰ ਵਿਚਾਰ ਚਰਚਾ ਹੋਈ। ਸੰਵਾਦ ਦਾ ਪੱਧਰ ਬਹੁਤ ਵਧੀਆ ਪੱਧਰ ਸਿਰਜਦੀ ਹੋਈ ਇਹ



ਕਾਨਫਰੰਸ ਅਮਰੀਕਾ ਦੇ ਸਾਹਿਤਕ ਹਲਕਿਆਂ ਵਿਚ ਆਪਣੀ ਅਹਿਮ ਛਾਪ ਛੱਡਣ ਵਿਚ ਬੇਹੱਦ ਸਫ਼ਲ ਰਹੀ। ਇਸ ਦੋ ਦਿਨਾਂ ਕਾਨਫਰੰਸ ਵਿਚ ਭਾਰਤ, ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਪੰਜਾਬੀ ਵਿਦਵਾਨ, ਸਾਹਿਤਕਾਰ ਅਤੇ ਪੰਜਾਬੀ-ਪ੍ਰੇਮੀ ਸ਼ਾਮਲ ਹੋਏ। ਕਾਨਫਰੰਸ ਦੇ ਸਵਾਗਤੀ ਸੈਸ਼ਨ ਵਿਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਦੇ ਪ੍ਰਧਾਨ ਕੁਲਵਿੰਦਰ ਅਤੇ ਕੈਲੀਫੋਰਨੀਆ ਦੀ ਨਾਮਵਰ ਸ਼ਖ਼ਸੀਅਤ ਜਸਵੀਰ ਗਿੱਲ ਨੇ ਸਭ ਨੂੰ ਜੀ ਆਇਆਂ ਕਿਹਾ। ਇਸ ਸੈਸ਼ਨ ਦੀ ਪ੍ਰਧਾਨਗੀ ਕੁਲਵਿੰਦਰ, ਜਸਵੀਰ ਗਿੱਲ, ਲਾਲੀ ਧਨੋਆ, ਸੁਰਿੰਦਰ ਧਨੋਆ, ਐਸ਼ ਅਤੇ ਐਸ. ਅਸ਼ੋਕ ਭੌਰਾ ਨੇ ਕੀਤੀ। ਉਪਰੰਤ 'ਅਮਰੀਕੀ ਪੰਜਾਬੀ ਕਵਿਤਾ – ਸਮਕਾਲੀ ਸੰਦਰਭ ਵਿਚ' ਸੈਸ਼ਨ ਵਿਚ ਡਾ. ਆਤਮ ਰੰਧਾਵਾ ਨੇ ਆਪਣੇ ਪਰਚੇ ਰਾਹੀਂ ਕਵਿਤਾ ਕੀ ਹੈ, ਕੀ ਕਵਿਤਾ ਨਹੀਂ ਅਤੇ ਅਜੋਕੀ ਪੰਜਾਬੀ ਕਵਿਤਾ ਦੇ ਕਈ ਅਹਿਮ ਪਹਿਲੂਆਂ ਨੂੰ ਛੋਂਹਦਿਆਂ ਕਿਹਾ ਕਿ ਪ੍ਰਵਾਸੀ ਇਕੱਲਾ ਸਰੀਰਕ ਤੌਰ ਤੇ ਨਹੀਂ ਹੁੰਦਾ, ਜ਼ਿਹਨੀ ਤੌਰ ਤੇ ਵੀ ਪ੍ਰਵਾਸੀ ਹੁੰਦਾ ਹੈ। ਪ੍ਰਵਾਸੀ ਜਿਹੜੇ ਸੁਪਨੇ ਲੈ ਕੇ ਕਿਸੇ ਹੋਰ ਧਰਤੀ ਤੇ ਜਾਂਦਾ ਹੈ, ਜਦੋਂ ਉਹ ਸੁਪਨੇ ਪੂਰੇ ਨਹੀਂ ਹੁੰਦੇ, ਉਹ ਸੁਪਨੇ ਟੁੱਟਣ ਲੱਗਦੇ ਹਨ ਅਤੇ ਸੁਪਨਿਆਂ ਦੇ ਟੁੱਟਣ ਦੇ ਅਹਿਸਾਸ ਨੂੰ ਜਦੋਂ ਉਹ ਲੈਅਬੱਧ ਸ਼ਬਦਾਂ 'ਚ ਢਾਲਦਾ ਤਾਂ ਪ੍ਰਵਾਸੀ ਪੰਜਾਬੀ ਕਵਿਤਾ ਜਨਮ ਲੈਂਦੀ ਹੈ। ਉਨ੍ਹਾਂ ਕਿਹਾ ਕਿ ਕਵੀ ਆਮ ਮਨੁੱਖਾਂ ਨਾਲੋਂ ਵੱਖਰਾ ਹੁੰਦਾ ਹੈ, ਉਹ ਆਮ ਇਨਸਾਨਾਂ ਤੋਂ ਉੱਪਰ ਦੀ ਗੱਲ ਕਰਦਾ ਹੈ। ਜਿਹੜੀ ਕਵਿਤਾ ਪੜ੍ਹ ਕੇ ਤੁਹਾਡੇ ਅੰਦਰ ਸੰਵੇਦਨਸ਼ੀਲਤਾ ਭਰ ਜਾਵੇ, ਜਿਹੜੀ ਕਵਿਤਾ ਤੁਹਾਨੂੰ ਕੋਈ ਹਲੂਣਾ ਦੇਵੇ ਉਹ ਕਵਿਤਾ ਹੀ ਉੱਤਮ ਦਰਜੇ ਦੀ ਕਵਿਤਾ ਹੁੰਦੀ ਹੈ। ਜਿਹੜੀ ਕਵਿਤਾ ਦੇ ਸਾਰੇ ਦੇ ਸਾਰੇ ਅਰਥ ਤੁਹਾਡੇ ਤੱਕ ਇੱਕ ਵਾਰ ਹੀ ਪੁੱਜ ਜਾਣ ਉਹ ਕਵਿਤਾ ਨਿਮਨ ਦਰਜੇ ਦੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਕਵਿਤਾ ਬਹੁਤ ਭਰਪੂਰਤਾ ਨਾਲ ਲਿਖੀ ਜਾ ਰਹੀ ਹੈ ਅਤੇ 70 ਦੇ ਕਰੀਬ ਪੰਜਾਬੀ ਕਵੀ ਇਕੱਲੇ ਅਮਰੀਕਾ ਵਿੱਚ ਹਨ। ਇਸ ਸੈਸ਼ਨ ਦੇ ਮੁੱਖ ਮਹਿਮਾਨ ਨਾਮਵਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਅਤੇ ਪ੍ਰਧਾਨਗੀ ਕਰ ਰਹੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਰਾਜੇਸ਼ ਸ਼ਰਮਾ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਵੀ ਪਰਵਾਸੀ ਪੰਜਾਬੀ ਕਵਿਤਾ ਦੇ ਵੱਖ ਵੱਖ ਪਹਿਲੂਆਂ ਨੂੰ ਛੋਹਿਆ।

ਅਗਲਾ ਸੈਸ਼ਨ 'ਸਮਕਾਲੀ ਸੰਦਰਭ ਵਿਚ ਅਮਰੀਕੀ ਪੰਜਾਬੀ ਕਹਾਣੀ' ਬਾਰੇ ਸੀ ਜਿਸ ਵਿਚ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਨੇ ਆਪਣੇ ਪਰਚੇ ਰਾਹੀਂ ਅਮਰੀਕੀ ਕਹਾਣੀਕਾਰਾਂ ਦੀਆਂ ਕਿਰਤਾਂ ਦੇ ਹਵਾਲੇ ਨਾਲ ਚਰਚਾ ਕੀਤੀ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਮੋਨੋਜੀਤ ਸਨ ਅਤੇ ਸੈਸ਼ਨ ਦੀ ਪ੍ਰਧਾਨਗੀ ਡਾ. ਵਰਿਆਮ ਸਿੰਘ ਸੰਧੂ, ਸੁਰਿੰਦਰ ਸੋਹਲ, ਚਰਨਜੀਤ ਪੰਨੂੰ, ਅਮਰਜੀਤ ਕੌਰ ਪੰਨੂੰ ਅਤੇ ਸੁਖਵਿੰਦਰ ਕੰਬੋਜ ਨੇ ਕੀਤੀ। ਪਹਿਲੇ ਦਿਨ ਦੇ ਅਖੀਰ ਵਿਚ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਬਹੁਤ ਹੀ ਖੂਬਸੂਰਤ ਤੇ ਮਨਮੋਹਕ ਗਾਇਕੀ ਨਾਲ ਸਭ ਦਾ ਮਨ ਮੋਹ ਲਿਆ।

ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿਚ 'ਵਿਸ਼ਵ ਸਾਹਿਤ ਵਿਚ ਪੰਜਾਬੀ ਸਾਹਿਤ ਦੇ ਸਥਾਨ ਅਤੇ ਰੁਤਬੇ ਦਾ ਸਵਾਲ' ਉੱਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਰਾਜੇਸ਼ ਸ਼ਰਮਾ ਨੇ ਆਪਣੇ ਪਰਚੇ ਰਾਹੀਂ ਪੰਜਾਬੀ ਸਾਹਿਤ ਦੀ ਆਲੋਚਨਾ ਉੱਪਰ ਕਈ ਅਹਿਮ ਸਵਾਲ ਰੱਖੇ। ਉਨ੍ਹਾਂ ਕਿਹਾ ਕਿ ਸਾਡੇ ਸਾਹਮਣੇ ਸਵਾਲ ਹੈ ਕਿ ਅਸੀਂ ਦੋਹਰੀ ਤੇ ਬਹੁ-ਦ੍ਰਿਸ਼ਟੀ ਵਾਲੀ ਆਲੋਚਨਾ ਕਿਵੇਂ ਸਿਰਜੀਏ ਜੋ ਸਾਹਿਤ ਕਿਰਤ ਦੇ ਅੰਦਰ ਤੇ ਬਾਹਰ ਦੂਰ ਅਤੇ ਦੇਰ ਤੱਕ ਦੇਖਣ ਦੀ ਤਾਕਤ ਪੈਦਾ ਕਰ ਸਕੇ। ਅਜਿਹੇ ਉਪਰਾਲੇ ਤੋਂ ਬਿਨਾਂ ਇਹ ਸੰਭਵ ਨਹੀਂ ਕਿ ਪੰਜਾਬੀ ਆਲੋਚਨਾ ਵਿਸ਼ਵ ਸਾਹਿਤ ਆਲੋਚਨਾ ਵਿੱਚ ਆਪਣੀ ਬਣਦੀ ਥਾਂ ਤੇ ਰੁਤਬਾ ਹਾਸਲ ਕਰਨ ਦੀ ਜ਼ਿੰਮੇਵਾਰੀ ਪੁਗਾ ਸਕੇ। ਇਸ ਸੈਸ਼ਨ ਦੇ ਮੁੱਖ ਮਹਿਮਾਨ ਨਾਮਵਰ ਨਾਟਕਕਾਰ ਡਾ. ਆਤਮਜੀਤ ਸਨ ਅਤੇ ਡਾ. ਆਤਮ ਰੰਧਾਵਾ, ਸੁਰਿੰਦਰ ਸੀਰਤ, ਹਰਦਮ ਮਾਨ, ਹਰਭਜਨ ਢਿੱਲੋਂ ਅਤੇ ਹਰਜਿੰਦਰ ਕੰਗ ਨੇ ਇਸ ਸੈਸ਼ਨ ਦੀ ਪ੍ਰਧਾਨਗੀ ਕੀਤੀ ਅਤੇ ਸੰਚਾਲਨ ਸੁਖਵਿੰਦਰ ਕੰਬੋਜ਼ ਨੇ ਕੀਤਾ।

ਅਗਲੇ ਸੈਸ਼ਨ ਵਿਚ ਡਾ. ਗੁਰਪ੍ਰੀਤ ਧੁੱਗਾ ਦੀ ਚਰਚਿਤ ਪੁਸਤਕ 'ਚਾਲੀ ਦਿਨ' ਉੱਪਰ ਭਰਵੀਂ ਵਿਚਾਰ ਚਰਚਾ ਹੋਈ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਵਰਿਆਮ ਸੰਧੂ, ਡਾ. ਗੁਰਪਰੀਤ ਧੁੱਗਾ, ਦਰਸ਼ਨ ਬੁੱਟਰ, ਸੁਰਿੰਦਰ ਸੋਹਲ, ਜਸਵੰਤ ਜ਼ਫ਼ਰ, ਜਸਵਿੰਦਰ, ਡਾ. ਆਤਮਜੀਤ ਅਤੇ ਡਾ. ਰਾਜੇਸ਼ ਸ਼ਰਮਾ ਨੇ ਕੀਤੀ ਅਤੇ ਸੰਚਾਲਨ ਅਸ਼ੋਕ ਭੌਰਾ ਨੇ ਕੀਤਾ। ਸਾਰੇ ਬੁਲਾਰਿਆਂ ਨੇ ਡਾ. ਧੁੱਗਾ ਵੱਲੋਂ ਇਸ ਪੁਸਤਕ ਰਾਹੀਂ ਨਵੀਂ ਵਿਧਾ ਸਿਰਜਣ ਲਈ ਮੁਬਾਰਕਬਾਦ ਦਿੱਤੀ।

ਦੋਵੇਂ ਦਿਨ ਕਵੀ ਦਰਬਾਰ ਸਜਦਾ ਰਿਹਾ। ਪਹਿਲੇ ਦਿਨ ਦੇ ਕਵੀ ਦਰਬਾਰ ਵਿਚ ਪ੍ਰਸਿੱਧ ਸ਼ਾਇਰ ਜਸਵੰਤ ਜ਼ਫ਼ਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਪ੍ਰਧਾਨਗੀ ਮੰਡਲ ਵਿਚ ਰਵਿੰਦਰ ਸਹਿਰਾਅ, ਸੁਰਜੀਤ ਸਖੀ, ਸੁਹਿੰਦਰਬੀਰ, ਪ੍ਰੀਤ ਮਨਪ੍ਰੀਤ, ਸਤੀਸ਼ ਗੁਲਾਟੀ ਅਤੇ ਗੁਲਸ਼ਨ ਦਿਆਲ ਬਿਰਾਜਮਾਨ ਹੋਏ। ਕਵੀ ਦਰਬਾਰ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਅਤੇ ਲਾਜ ਨੀਲਮ ਸੈਣੀ ਨੇ ਕੀਤਾ। ਦੂਜੇ ਦਿਨ ਦੇ ਕਵੀ ਦਰਬਾਰ ਦੇ ਮੁੱਖ ਮਹਿਮਾਨ ਨਾਮਵਰ ਸ਼ਾਇਰ ਦਰਸ਼ਨ ਬੁੱਟਰ ਸਨ ਅਤੇ ਨਾਮਵਰ ਸ਼ਾਇਰ ਜਸਵਿੰਦਰ, ਦਲਵੀਰ ਕੌਰ, ਅਸ਼ੋਕ ਭੌਰਾ, ਭੁਪਿੰਦਰ ਦਲੇਰ, ਲਾਜ ਨੀਲਮ ਸੈਣੀ ਅਤੇ ਦਿਲ ਨਿੱਝਰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਏ। ਕਵੀ ਦਰਬਾਰ ਦਾ ਸੰਚਾਲਨ ਸੁਰਿੰਦਰ ਸੀਰਤ ਅਤੇ ਸੁਰਜੀਤ ਸਖੀ ਨੇ ਕੀਤਾ। ਦੋਹਾਂ ਦਿਨਾਂ ਦੇ ਕਵੀ ਦਰਬਾਰਾਂ ਵਿਚ ਜਸਵਿੰਦਰ, ਰਵਿੰਦਰ ਸਹਿਰਾਅ, ਸੁਸ਼ੀਲ ਦੁਸਾਂਝ, ਦਰਸ਼ਨ ਬੁੱਟਰ, ਜਸਵੀਰ ਗਿੱਲ, ਸੰਤੋਖ ਮਿਨਹਾਸ, ਹਰਜਿੰਦਰ ਕੰਗ, ਹਰਦਮ ਮਾਨ, ਸਤੀਸ਼ ਗੁਲਾਟੀ, ਹਰਜਿੰਦਰ ਢੇਸੀ, ਪ੍ਰੀਤ ਮਨਪ੍ਰੀਤ, ਜਸਵੰਤ ਜ਼ਫ਼ਰ , ਸੁਰਜੀਤ ਸਖੀ, ਦਿਲ ਨਿੱਜਰ, ਡਾ ਸੁਹਿੰਦਰਬੀਰ, ਡਾ. ਮੋਨੋਜੀਤ, ਰਕਿੰਦ ਕੌਰ, ਚਰਨਜੀਤ ਪੰਨੂ, ਅਮਰਜੀਤ ਪੰਨੂ, ਨਵਨੀਤ ਪੰਨੂ, ਬਿਕਰਮ ਸੋਹੀ, ਸੁਰਿੰਦਰ





ਸੋਹਲ, ਲਖਵਿੰਦਰ ਕੌਰ ਲੱਕੀ, ਸੁਖਪਾਲ ਸੰਘੇੜਾ ਅਤੇ ਸਥਾਨਕ ਕਵੀਆਂ ਨੇ ਉੱਚ ਪੱਧਰ ਦੀ ਗ਼ਜ਼ਲ, ਕਵਿਤਾ ਅਤੇ ਗੀਤਾਂ ਦੀ ਪੇਸ਼ਕਾਰੀ ਨਾਲ ਖੂਬ ਕਾਵਿਕ ਮਾਹੌਲ ਸਿਰਜਿਆ।

ਦੂਜੇ ਦਿਨ ਦੇ ਆਖ਼ਿਰ ਵਿਚ ਡਾ. ਆਤਮਜੀਤ ਨੇ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਜ਼ਿੰਦਗੀ 'ਤੇ ਅਧਾਰਿਤ ਨਾਟਕ ਦਾ ਪਾਠ ਬੜੇ ਭਾਵੁਕ ਅੰਦਾਜ਼ ਵਿਚ ਪੇਸ਼ ਕਰਕੇ ਕਾਨਫਰੰਸ ਨੂੰ ਸਿਖਰ 'ਤੇ ਪੁਚਾਇਆ। ਵਰਨਣਯੋਗ ਹੈ ਕਿ ਡਗਸ਼ਈ (ਹਿਮਾਚਲ ਪ੍ਰਦੇਸ਼) ਵਿੱਚ ਹੋਏ ਜਲਸੇ ਵਿੱਚ ਡਾ. ਦੀਵਾਨ ਸਿੰਘ ਨੇ ਲੋਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਾਸਤੇ ਇਕੱਠੇ ਹੋਣ ਦਾ ਸੰਦੇਸ਼ ਦਿੱਤਾ ਜਿਸ ਕਾਰਨ ਉਨ੍ਹਾਂ ਖਿਲਾਫ਼ ਅੰਗਰੇਜ਼ ਹਕੂਮਤ ਨੇ ਮੁਕੱਦਮਾ ਦਰਜ ਕਰ ਲਿਆ ਪਰ ਉਹ ਉਥੋਂ ਦੇ ਲੋਕਾਂ ਦੇ ਦਿਲਾਂ ਵਿੱਚ ਵਸਦੇ ਸਨ ਜਿਸ ਕਾਰਨ ਗਵਾਹ ਨਾ ਮਿਲਣ ਕਾਰਨ ਉਹ ਬਰੀ ਹੋ ਗਏ। ਦੂਜੇ ਵਿਸ਼ਵ ਯੁੱਧ ਦੌਰਾਨ ਜਦੋਂ ਜਪਾਨ ਨੇ 1942 ਵਿਚ ਅੰਡੇਮਾਨ ਉੱਤੇ ਕਬਜ਼ਾ ਕਰ ਲਿਆ, ਦੀਵਾਨ ਸਿੰਘ ਬਹੁਤ ਦੁਖੀ ਹੋ। ਜਾਪਾਨੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਪੇਨਾਗ ਰੇਡੀਓ 'ਤੇ ਬ੍ਰਿਟਿਸ਼ਾਂ ਵਿਰੁੱਧ ਭਾਸ਼ਣ ਦੇਣ ਦੇ ਆਦੇਸ਼ ਦਿੱਤੇ, ਪਰ ਦੀਵਾਨ ਸਿੰਘ ਨੇ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਜਾਪਾਨੀਆਂ ਨੇ 1943 ਵਿੱਚ ਗ੍ਰਿਫ਼ਤਾਰ ਕਰ ਲਿਆ। ਤਕਰੀਬਨ ਛੇ ਮਹੀਨਿਆਂ ਦੇ ਤਸ਼ੱਦਦ ਤੋਂ ਬਾਅਦ, ਉਨ੍ਹਾਂ ਨੂੰ ਪੰਜਾਬੀ ਸਭਾ ਦੇ 65 ਮੈਂਬਰਾਂ ਸਮੇਤ ਕਤਲ ਕਰ ਦਿੱਤਾ ਗਿਆ ਸੀ। ਡਾ. ਆਤਮਜੀਤ ਦੀ ਇਸ ਪੇਸ਼ਕਾਰੀ ਸਮੇਂ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਪੋਤਰੀ ਤੇ ਪੜਪੋਤੀਆਂ ਦੀ ਮੌਜੂਦਗੀ ਨੇ ਮਾਹੌਲ ਹੋਰ ਵੀ ਭਾਵੁਕ ਕਰ ਦਿੱਤਾ। ਸਰੋਤਿਆਂ ਨੇ ਹਾਲ ਵਿੱਚ ਖੜ੍ਹੇ ਹੋ ਕੇ ਤਾੜੀਆਂ ਨਾਲ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਕਾਨਫਰੰਸ ਦੌਰਾਨ ਕੁਝ ਲੇਖਕਾਂ ਦੀਆਂ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਅਤੇ ਪ੍ਰਬੰਧਕਾਂ ਵੱਲੋਂ ਮਹਿਮਾਨ ਲੇਖਕਾਂ ਦਾ ਸਨਮਾਨ ਕੀਤਾ ਗਿਆ।

## ਸਮਾਜਸੇਵੀ ਜਿੰਦੀ ਨੇ ਲੋਕਾਂ ਨੂੰ ਗ੍ਰੀਨ ਦੀਵਾਲੀ ਮਨਾਉਣ ਦੀ ਕੀਤੀ ਅਪੀਲ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 9 ਨਵੰਬਰ ਹਰ ਸਾਲ ਦੀ ਤਰਾਂ ਇਸ ਵਾਰ ਵੀ ਸ਼ਹਿਰ ਦੇ ਸਮਾਜਸੇਵੀ ਨੌਜਵਾਨ ਜਤਿੰਦਰ ਕੁਮਾਰ ਜਿੰਦੀ ਨੇ ਗਰੀਨ ਦੀਵਾਲੀ ਮਨਾਉਣ ਦਾ ਸੱਦਾ ਦਿੰਦਿਆਂ ਆਖਿਆ ਕਿ ਮੈਂ ਵਾਹਿਗੁਰੂ ਜੀ ਦੇ ਚਰਨਾ ਵਿੱਚ ਅਰਦਾਸ ਕਰਦਾ ਹਾਂ ਕਿ ਇਹ ਦੀਵਾਲੀ ਸਭ ਲਈ ਖੁਸ਼ੀਆਂ ਅਤੇ ਖੇੜੇ ਲੈ ਕੇ ਆਏ। ਜਤਿੰਦਰ ਕੁਮਾਰ ਜਿੰਦੀ ਨੇ ਅਪੀਲ ਕੀਤੀ ਕਿ ਆਉਣ ਵਾਲੀ ਦੀਵਾਲੀ ਨੂੰ ਗਰੀਨ ਦੀਵਾਲੀ ਵਜੋਂ ਮਨਾਉਣ ਤਾਂ ਜੋ ਦਿਨੋਂ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਸਾਫ-ਸੁਥਰਾ ਰੱਖਿਆ ਜਾ ਸਕੇ। ਉਹਨਾਂ ਕਿਹਾ ਕਿ ਇਹ ਕਾਰਜ ਸਾਨੂੰ ਆਪਣੇ ਆਪ ਅਤੇ ਘਰ ਤੋਂ ਹੀ ਸ਼ੁਰੂ ਕਰਨਾ ਚਾਹੀਦਾ ਹੈ। ਸਾਨੂੰ ਪਟਾਕੇ ਰਹਿਤ ਗਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜੇਕਰ ਅਸੀਂ ਖੁਦ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਉਪਰਾਲਾ ਕਰਾਂਗੇ ਤਾਂ ਹੀ ਅਸੀਂ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕਰ ਸਕਦੇ ਹਾਂ। ਉਹਨਾ ਕਿਹਾ ਕਿ ਪਟਾਕੇ ਚਲਾ ਕੇ ਵਾਤਾਵਰਣ ਵਿੱਚ ਪ੍ਰਦੂਸ਼ਣ ਹੁੰਦਾ ਹੈ, ਉੱਥੇ ਹੀ ਹਰ ਇਨਸਾਨ ਲਈ ਇਸ ਪਟਾਕਿਆਂ ਦਾ ਧੂੰਆਂ ਸਿਹਤ ਲਈ ਠੀਕ ਨਹੀਂ। ਜਤਿੰਦਰ ਕੁਮਾਰ ਜਿੰਦੀ ਨੇ ਅੱਗੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣਾ ਫਰਜ਼ ਸਮਝਦਿਆਂ ਹੋਏ ਆਲੇ-ਦੁਆਲੇ ਨੂੰ ਵੀ ਸਾਫ ਰੱਖਣਾ ਚਾਹੀਦਾ ਹੈ ਤਾਂ ਜੋ ਅਸੀਂ ਦਿਨੋ-ਦਿਨ ਵੱਧ ਰਹੀਆਂ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹਾਂ।



ਜਤਿੰਦਰ ਕੁਮਾਰ ਜਿੰਦੀ

## ਆਜ਼ਾਦ ਕਿਸਾਨ ਮੋਰਚਾ ਪੰਜਾਬ ਦੇ ਕਿਸੇ ਵੀ ਸਾਥੀ ਨਾਲ ਬਦਸਲੂਕੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਪਰਧਾਨ ਮਨੋਜ ਕੁਮਾਰ ਗੋਦਾਰਾ



ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 9 ਨਵੰਬਰ ਅੱਜ ਆਜ਼ਾਦ ਕਿਸਾਨ ਮੋਰਚਾ ਪੰਜਾਬ ਦੀ ਟੀਮ ਵੱਲੋਂ ਪਰਧਾਨ ਸ੍ਰੀ ਮਨੋਜ ਕੁਮਾਰ ਗੋਦਾਰਾ ਦੀ ਅਗਵਾਈ ਹੇਠ ਪ੍ਰੈਸ ਕਾਨਫਰੰਸ ਕੀਤੀ ਗਈ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਜ਼ਾਦ ਕਿਸਾਨ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਮਨੋਜ ਕੁਮਾਰ ਗੋਦਾਰਾ ਨੇ ਦੱਸਿਆ ਕਿ ਅਬੋਹਰ ਦੀ ਸਾਊਥ ਅਵੇਨਿਊ ਰੋੜ 'ਤੇ ਸਰਕਾਰੀ ਹਸਪਤਾਲ ਅਬੋਹਰ ਵਿਖੇ ਤਾਇਨਾਤ ਡਾਕਟਰ ਵਲੋਂ ਸ਼ਾਮ ਦੇ ਸਮੇਂ ਨਿੱਜੀ ਹਸਪਤਾਲ ਵਿੱਚ ਮਰੀਜਾਂ ਨੂੰ ਦੇਖਿਆ ਜਾਂਦਾ ਹੈ। ਡਾਕਟਰ ਮਹੇਸ਼ ਕੁਮਾਰ ਦਿਮਾਗੀ ਅਤੇ ਮਨੋਚਸਤਿਕ ਰੋਗਾਂ ਦੇ ਮਾਹਰ ਡਾਕਟਰ ਹੋਣ ਕਰਕੇ ਹਸਪਤਾਲ ਨਸ਼ਾ ਛੱਡਣ ਵਾਲੇ ਜਾਂ ਦਿਮਾਗੀ ਤੌਰ 'ਤੇ ਕਮਜੋਰ ਮਰੀਜ ਇਲਾਜ ਕਰਵਾਉਣ ਲਈ ਆਉਂਦੇ ਹਨ। ਡਾ. ਮਹੇਸ਼ ਕੁਮਾਰ ਵਲੋਂ ਚਲਾਏ ਜਾਂਦੇ ਹਸਪਤਾਲ ਦੇ ਬਾਹਰ ਪਾਰਕਿੰਗ ਦਾ ਅਤੇ ਬਾਥਰੂਮ ਵਗੈਰਾ ਦਾ ਕੋਈ ਪ੍ਰਬੰਧ ਨਹੀਂ ਹੈ।ਮਰੀਜਾਂ ਨੂੰ ਲੈ ਕੇ ਆਉਣ ਵਾਲੇ ਵਹਿਕਲਾਂ ਕਾਰਣ ਹਸਪਤਾਲ ਦੇ ਸਾਹਮਣੇ ਵਾਲੀ ਅਤੇ ਆਸ ਪਾਸ ਦੀਆਂ ਗਲੀਆਂ ਵਿੱਚ ਟਰੈਫਿਕ ਜਾਮ ਹੋ ਜਾਂਦਾ ਹੈ।ਜਿਸ ਬਾਬਤ ਮੁਹੱਲਾ ਵਾਸੀਆਂ ਨੇ ਡਾਕਟਰ ਅਤੇ ਓਹਨਾਂ ਦੇ ਪਿਤਾ ਹੰਸਰਾਜ ਨੂੰ ਪਾਰਕਿੰਗ ਦਾ ਪਰਬੰਧ ਕਰਨ ਲਈ ਕਈ ਵਾਰ ਬੇਨਤੀ ਕੀਤੀ ਗਈ। ਜਿਸਦਾ ਡਾਕਟਰ ਵਲੋਂ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਕਰੀਬ ਇੱਕ ਹਫਤਾ ਪਹਿਲਾਂ ਵੀ ਗਲੀ ਵਿੱਚ ਟਰੈਫਿਕ ਜਾਮ ਸੀ। ਗਲੀ ਵਿੱਚ ਰਹਿੰਦੇ ਆਜ਼ਾਦ ਕਿਸਾਨ ਮੋਰਚਾ ਪੰਜਾਬ ਦੇ ਸਰਕਲ ਪ੍ਰਧਾਨ ਅਵਤਾਰ ਸਿੰਘ ਅਤੇ ਗਲੀ ਦੇ ਹੋਰ ਵਸਨੀਕ ਡਾ. ਮਹੇਸ਼ ਕੁਮਾਰ ਨੂੰ ਪਾਰਕਿੰਗ ਦਾ ਪਰਬੰਧ ਕਰਨ ਲਈ ਕਹਿਣ ਗਏ ਤਾਂ ਡਾਕਟਰ ਦੇ ਪਿਤਾ ਨੇ ਅਵਤਾਰ ਸਿੰਘ ਨਾਲ ਗਾਲੀ ਗਲੋਚ ਕਰਦਿਆਂ ਬਹੁਤ ਹੀ ਭੱਦੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਗਿਆ। ਮਨੋਜ ਕੁਮਾਰ ਗੋਦਾਰਾ ਨੇ ਦੱਸਿਆ ਕਿ ਡਾਕਟਰ ਵਲੋਂ ਹਸਪਤਾਲ ਦੇ ਬਾਹਰ ਵੱਡਾ ਜੇਨਰੇਟਰ ਰੱਖ ਕੇ ਗਲੀ ਵਿੱਚ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਤੇ ਘਰੇਲੂ ਮਕਾਨ ਵਿਚ ਕਮਰਸ਼ੀਅਲ ਹਸਪਤਾਲ ਖੋਲਿਆ ਹੋਇਆ ਹੈ। ਇਸ ਸਾਰੇ ਮਾਮਲੇ ਸਬੰਧੀ ਡਿਪਟੀ ਕਮਿਸ਼ਨਰ ਫ਼ਾਜ਼ਿਲਕਾ, ਕਮਿਸ਼ਨਰ ਨਗਰ ਨਿਗਮ ਅਬੋਹਰ, ਐੱਸ ਐੱਸ ਪੀ ਸਾਹਿਬ ਫ਼ਾਜ਼ਿਲਕਾ, ਸਿਹਤ ਮੰਤਰੀ ਪੰਜਾਬ ਆਦਿ ਨੂੰ ਕਾਨੂੰਨੀ ਕਾਰਵਾਈ ਕਰਨ ਲਈ ਮੁਹੱਲਾ ਨਿਵਾਸੀਆਂ ਵੱਲੋਂ ਲਿਖਤੀ ਸ਼ਿਕਾਇਤ ਵੀ ਕੀਤੀ ਗਈ ਹੈ।ਮਨੋਜ ਕੁਮਾਰ ਗੋਦਾਰਾ ਨੇ ਦੱਸਿਆ ਕਿ ਆਜ਼ਾਦ ਕਿਸਾਨ ਮੋਰਚਾ ਪੰਜਾਬ ਦੀ ਟੀਮ ਦੇ ਕਿਸੇ ਵੀ ਸਾਥੀ ਨਾਲ ਗਾਲੀ ਗਲੋਚ ਅਤੇ ਬਦਸਲੂਕੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ! ਮਨੋਜ ਕੁਮਾਰ ਗੋਦਾਰਾ ਨੇ ਜਿਲਾ ਫ਼ਾਜ਼ਿਲਕਾ ਦੇ ਪ੍ਰਸਾਸ਼ਨ ਨੂੰ ਅਪੀਲ ਕੀਤੀ ਕਿ ਡਾਕਟਰ ਮਹੇਸ਼ ਕੁਮਾਰ ਵਲੋਂ ਖੋਲ੍ਹੇ ਗਏ ਨਿੱਜੀ ਹਸਪਤਾਲ ਵਿੱਚ ਪਾਈਆਂ ਤਰੁੱਟੀਆਂ ਅਤੇ ਬੇਨਿਯਮੀਆਂ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਆਜ਼ਾਦ ਕਿਸਾਨ ਮੋਰਚਾ ਪੰਜਾਬ ਵੱਲੋਂ ਅਗਲੀ ਮੀਟਿੰਗ ਕਰਨ ਤੋਂ ਬਾਅਦ ਡਾਕਟਰ ਦੇ ਖਿਲਾਫ ਮੋਰਚਾ ਖੋਲਿਆ ਜਾਵੇਗਾ।

ਇਸ ਮੌਕੇ ਬੋਲਦਿਆਂ ਮੁਹੱਲਾ ਦੀਆਂ ਔਰਤਾਂ ਕਮਲਜੀਤ ਕੌਰ ਅਤੇ ਗੁੱਡੀ ਦੇਵੀ ਨੇ ਦੱਸਿਆ ਕਿ ਡਾਕਟਰ ਕੋਲ ਆਉਂਦੇ ਮਰੀਜ ਘਰਾਂ ਦੇ ਸਾਹਮਣੇ ਪਏ ਖਾਲੀ ਪਲਾਟਾਂ ਵਿੱਚ ਸਾਹਮਣੇ ਹੀ ਪਿਸ਼ਾਬ ਕਰਨ ਲੱਗ ਜਾਂਦੇ ਹਨ, ਜਿਸ ਨਾਲ ਔਰਤਾਂ ਅਤੇ ਲੜਕੀਆਂ ਦਾ ਘਰੋਂ ਬਾਹਰ ਨਿਕਲਣਾ ਦੁੱਭਰ ਹੋਇਆ ਪਿਆ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸਾਬਕਾ ਸੈਨਿਕ ਵੈਲਫੇਅਰ ਸੁਸਾਇਟੀ ਦੇ ਸਰਪਰਸਤ ਕੈਪਟਨ ਸੁਰਜੀਤ ਸਿੰਘ ਨੇ ਕਿਹਾ ਕਿ ਉਹ ਅਵਤਾਰ ਸਿੰਘ ਸਾਬਕਾ ਫੌਜੀ ਨਾਲ ਕੋਈ ਵੀ ਵਧੀਕੀ ਨਹੀਂ ਹੋਣ ਦੇਣਗੇ ਅਤੇ ਆਜ਼ਾਦ ਕਿਸਾਨ ਮੋਰਚਾ ਪੰਜਾਬ ਵੱਲੋਂ ਉਲੀਕੇ ਪ੍ਰੋਗਰਾਮ ਵਿੱਚ ਸਾਬਕਾ ਸੈਨਿਕ ਵੈਲਫੇਅਰ ਸੁਸਾਇਟੀ ਦੇ ਸਾਥੀਆਂ ਨਾਲ ਸ਼ਾਮਲ ਹੋ ਕੇ ਹਰ ਤਰਾਂ ਦਾ ਸਾਥ ਦੇਣਗੇ। ਇਸ ਮੌਕੇ ਆਜ਼ਾਦ ਕਿਸਾਨ ਮੋਰਚਾ ਪੰਜਾਬ ਦੇ ਸਰਕਲ ਪ੍ਰਧਾਨ ਗੁਰਮੀਤ ਸਿੰਘ ਪਰਜਾਪਤੀ,ਪਵਨ ਕੁਮਾਰ ਬਿਸ਼ਨੋਈ ਪਰਧਾਨ ਸੁਖਚੈਨ ਇਕਾਈ, ਦੂਲਾ ਸਿੰਘ ਇਕਾਈ ਪਰਧਾਨ ਬੀ ਸੀ ਵਿੰਗ ਕਿੱਕਰ ਖੇੜਾ, ਮੁਹੱਲਾ ਵਾਸੀ ਦਲੀਪ ਕੁਮਾਰ ਯਾਦਵ, ਸਮੀਰ ਕੁਮਾਰ,ਹਰਪ੍ਰੀਤ ਸਿੰਘ, ਸੁਖਵੰਤ ਸਿੰਘ ਸੁਖਵੰਤ ਸਿੰਘ, ਬਲਬੀਰ ਸਿੰਘ, ਪਰਮਦੇਂਵ ਸਿੰਘ,ਬੀਰਬਲ ਦਾਸ ਸਾਰੇ ਸਾਬਕਾ ਫੌਜੀ, ਮੱਖਣ ਸਿੰਘ, ਮੰਜੂ ਰਾਣੀ, ਕਮਲਜੀਤ ਕੌਰ ਆਦਿ ਵੀ ਮੌਜੂਦ ਸਨ।

## ਮੁੜ ਵੱਧਦਾ ਜਾ ਰਿਹਾ ਹੈ ਮਿੱਟੀ ਦੇ ਦੀਵੇ ਬਣਾਉਣ ਦਾ ਰੁਝਾਨ : ਪ੍ਰੇਮਪਾਲ ਪ੍ਰਜਾਪਤੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 9 ਨਵੰਬਰ ਭਾਵੇਂ ਅੱਜ ਦੇ ਬਦਲਵੇਂ ਯੁੱਗ ਵਿਚ ਇਲੈਕਟ੍ਰਾਨਿਕ ਲੜੀਆਂ ਨੇ ਦੀਵਿਆਂ ਦੀ ਥਾਂ ਲੈ ਲਈ ਹੈ ਪਰ ਫਿਰ ਵੀ ਜੋ ਰੌਣਕ ਦੀਵਾਲੀ ਦੀਆਂ ਖੁਸ਼ੀਆਂ ਵੇਲੇ ਦੀਵਿਆਂ ਨਾਲ ਮਿਲਦੀ ਹੈ, ਉਹ ਬਿਜਲੀ ਵਾਲੀਆਂ ਲੜੀਆਂ 'ਚ ਨਹੀਂ। ਇਸ ਸਬੰਧ 'ਚ ਜਾਣਕਾਰੀ ਦਿੰਦਿਆਂ ਮਿੱਟੀ ਦੇ ਦੀਵੇ ਅਤੇ ਹੋਰ ਸਮਾਨ ਬਣਾਉਣ ਵਾਲੇ ਕਾਰੀਗਰ ਪ੍ਰੇਮਪਾਲ ਪ੍ਰਜਾਪਤੀ ਨੇ ਇਸ ਅਖਬਾਰ ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਹਰ ਸਾਲ 2-3 ਮਹੀਨੇ ਪਹਿਲਾਂ ਹੀ ਮਿੱਟੀ ਦੇ ਦੀਵੇ ਬਣਾਉਣ ਵਿੱਚ ਰੁੱਝ ਜਾਂਦਾ ਹੈ ਤੇ ਦੀਵੇ ਬਣਾ ਕੇ ਦੀਵਾਲੀ ਤੋਂ ਪਹਿਲਾਂ ਲੋਕਾਂ ਦੇ ਘਰਾਂ ਅਤੇ ਦੂਰ ਦੁਰਾਡੇ ਸ਼ਹਿਰਾਂ 'ਚ ਭੇਜਣ ਦਾ ਕੰਮ ਕਰਦੇ ਹਨ ਅਤੇ ਵਰਤਾਂ ਸਮੇਂ ਕਰੂਏ ਅਰਥਾਤ ਕੁੱਜੀਆਂ ਨੂੰ ਆਦਿ ਘਰਾਂ 'ਚ ਵਰਤਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਲੋਕਾਂ 'ਚ ਮੁੜ ਮਿੱਟੀ ਦੇ ਬਣਾਏ ਦੀਵਿਆਂ ਦਾ ਰੁਝਾਨ ਵੱਧ ਗਿਆ ਹੈ, ਕਿਉਂਕਿ ਲੋਕਾਂ ਦਾ ਕਹਿਣਾ ਹੈ ਕਿ ਪਿੰਡ ਵਾਸੀਆਂ ਦੇ ਬਣਾਏ ਮਿੱਟੀ ਦੇ ਦੀਵਿਆਂ ਤੋਂ ਪਿਆਰ ਅਤੇ ਆਪਸੀ ਸਾਂਝ ਦੀ ਝਲਕ ਪੈਂਦੀ ਹੈ, ਜੋ ਬਾਜ਼ਾਰੋਂ ਖ਼ਰੀਦੀਆਂ ਲੜੀਆਂ 'ਚੋਂ ਨਹੀਂ ਮਿਲਦੀ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਰੀਬ ਦੋ ਮਹੀਨੇ ਪਹਿਲਾਂ ਦੂਰ-ਦਰਾਡਿਉਂ ਬੜੀ ਮੁਸ਼ਕਿਲ ਨਾਲ ਮਿੱਟੀ ਲਿਆ ਕੇ ਫਿਰ ਰਾਤਾਂ ਨੂੰ ਸਾਰੀ-ਸਾਰੀ ਰਾਤ ਕੰਮ ਕਰਕੇ ਆਪਣੀ ਕਲਾ ਰਾਹੀਂ ਦੀਵੇ, ਘਰੂੰਡੀਆਂ, ਕਰੂਏ, ਮਿਸਾਲਾਂ ਆਦਿ ਚੱਕ ਰਾਹੀਂ ਤਿਆਰ ਕਰਦੇ ਹਨ ਅਤੇ ਫਿਰ ਸੁੱਕਣ ਤੋਂ ਬਾਅਦ ਇਨ੍ਹਾਂ ਨੂੰ ਅੱਗ ਦੀ ਭੱਠੀ 'ਚ ਪਾ ਕੇ ਪਕਾਇਆ ਜਾਂਦਾ ਹੈ। ਇਨ੍ਹਾਂ ਤਿਆਰ ਹੋਏ ਦੀਵੇ, ਘਰੂੰਡੀਆਂ, ਕਰੂਏ, ਮਿਸਾਲਾਂ ਆਦਿ ਨੂੰ ਲੋਕ ਬੜ੍ਹੇ ਚਾਅ ਨਾਲ ਲੈਂਦੇ ਹਨ ਅਤੇ ਲੋਕ ਸ਼ਗਨ ਵਜੋਂ ਘਰਾਂ 'ਚੋਂ ਕਣਕ ਦਾਣੇ ਪਾਉਂਦੇ ਹਨ। ਮਿੱਟੀ ਦੇ ਦੀਵਿਆਂ ਰਾਹੀਂ ਸਰੋਂ ਦਾ ਤੇਲ ਬਾਲਣਾ ਲੋਕਾਂ ਵਲੋਂ ਦੀਵਾਲੀ ਵਾਲੇ ਦਿਨ ਸ਼ਗਨ ਵੀ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਵੀ ਪੂਰਾ ਸਕੂਨ ਮਿਲਦਾ ਹੈ ਤੇ ਪਿੰਡ ਦੇ ਲੋਕਾਂ ਨਾਲ ਆਪਸੀ ਤਾਲ-ਮੇਲ ਬਣਿਆ ਰਹਿੰਦਾ ਹੈ, ਜੋ ਸਾਡੇ ਲਈ ਬਹੁਤ ਜ਼ਰੂਰੀ ਹੈ ਅਤੇ ਇਹ ਸਾਡਾ ਰੋਟੀ ਤਾ ਸਾਧਨ ਵੀ ਹੁੰਦਾ ਹੈ।

## ਇਨਕਲੂਸਿਵ ਐਜੁਕੇਸ਼ਨ ਰਿਸੋਰਸ ਟੀਚਰ ਵੱਲੋਂ ਰੈਗੂਲਰ ਨਾ ਕਰਨ ਦੇ ਰੋਸ ਵਜੋਂ ਮਨਾਈ ਜਾਵੇਗੀ ਕਾਲੀ ਦੀਵਾਲੀ।

### ਦਿਵਿਆਂਗ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਇਹ ਅਧਿਆਪਕ।

ਵਰਲਡ ਪੰਜਾਬੀ ਟਾਈਮਜ਼
ਪਵਨ ਗੁਪਤਾ




ਅਹਿਮਦਗੜ੍ਹ 9 ਨਵੰਬਰ ਪੰਜਾਬ ਦੇ ਸਕੂਲਾਂ ਚ ਪਿਛਲੇ ਕਈ ਸਾਲਾਂ ਤੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਪੜ੍ਹਾਉਂਦੇ ਅਧਿਆਪਕਾਂ ਵੱਲੋਂ ਉਹਨਾਂ ਨੂੰ ਰੈਗੂਲਰ ਨਾ ਕਰਨ ਦੇ ਰੋਸ ਵਜੋਂ ਕਾਲੀ ਦਿਵਾਲੀ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ 65000 ਦਿਵਿਆਂਗ ਬੱਚੇ ਹਨ। ਇਹਨਾਂ ਬੱਚਿਆਂ ਨੂੰ ਵਿਸ਼ੇਸ਼ ਅਧਿਆਪਕ ਇਨਕਲੂਸਿਵ ਐਜੁਕੇਸ਼ਨ ਰਿਸੋਰਸ ਟੀਚਰ ਆਮ ਅਧਿਆਪਕਾਂ ਵਾਂਗ ਸਿੱਖਿਆ ਦੇ ਰਹੇ ਹਨ। ਇਹਨਾਂ ਦੀ ਯੋਗਤਾ ਈ.ਟੀ.ਟੀ. ਅਤੇ ਬੀ.ਐਡ. ਦੇ ਬਰਾਬਰ ਡਿਪਲੋਮਾ ਅਤੇ ਸਪੈਸ਼ਲ ਬੀ.ਐਡ. ਹੈ। ਲਗਭਗ 18 ਸਾਲਾਂ ਤੋਂ ਸਕੂਲਾਂ ਚ ਕੰਮ ਕਰ ਰਹੇ ਇਹਨਾਂ ਆਈ ਈ ਆਰ ਟੀ ਅਧਿਆਪਕਾ ਦੀ ਨਿਯੁਕਤੀ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਧੀਨ ਸਾਲ 2005 ਵਿੱਚ ਸਿੱਖਿਆ ਵਿਭਾਗ ਪੰਜਾਬ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਕੇ ਕੀਤੀ ਗਈ ਸੀ। ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਜੁਲਾਈ 2023 ਵਿੱਚ ਸਿੱਖਿਆ ਵਿਭਾਗ ਦੇ 12710 ਠੇਕਾ ਮੁਲਾਜਮਾਂ ਨੂੰ ਪਾਲਿਸੀ ਅਧੀਨ ਰੈਗੂਲਰ ਕੀਤਾ ਗਿਆ ਪਰ ਇੰਨਕਲੂਸਿਵ ਐਜੁਕੇਸ਼ਨ ਰਿਸੋਰਸ ਟੀਚਰ ਨੂੰ ਪੰਜਾਬ ਸਰਕਾਰ ਵੱਲੋਂ ਹਾਲੇ ਤੱਕ ਵੀ ਰੈਗੂਲਰ ਦੇ ਆਰਡਰ ਨਹੀਂ ਦਿੱਤੇ ਗਏ ਅਤੇ ਨਾ ਹੀ 2018 ਤੋਂ ਹੁਣ ਤੱਕ ਦੀ ਤਨਖਾਹ ਕਟੌਤੀ ਦਾ ਬਕਾਇਆ ਜਾਰੀ ਕੀਤਾ ਗਿਆ। ਜਿਸ ਕਾਰਨ ਇਹਨਾਂ ਅਧਿਆਪਕ ਵਿੱਚ ਭਾਰੀ ਰੋਸ ਹੈ ਅਤੇ ਉਹ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹੋ ਗਏ ਹਨ। ਜਿਲਾ ਮਲੇਰਕੋਟਲਾ ਵਿੱਚ ਕੰਮ ਕਰਦੇ ਸ਼੍ਰੀਮਤੀ ਬਲਜਿੰਦਰ ਕੌਰ ਅਤੇ ਹੋਰ ਯੂਨੀਅਨ ਦੇ ਨੁਮਾਇੰਦਿਆਂ ਨੇ ਪੰਜਾਬ ਸਰਕਾਰ ਤੋਂ ਤੁਰੰਤ ਉਹਨਾਂ ਨੂੰ ਰੈਗੂਲਰ ਕਰਨ ਦੀ ਮੰਗ ਕੀਤੀ ਹੈ। ਸ਼੍ਰੀਮਤੀ ਬਲਜਿੰਦਰ ਕੌਰ ਨੇ ਅੱਗੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਜਲਦ ਰੈਗੂਲਰ ਨਹੀਂ ਕੀਤਾ ਜਾਂਦਾ ਤਾਂ ਸਾਡੀ ਯੂਨੀਅਨ ਸਰਕਾਰ ਦੇ ਖਿਲਾਫ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

# ਧੰਨਤੇਰਸ ਦਾ ਤਿਉਹਾਰ 10 ਨਵੰਬਰ ਤੇ ਵਿਸ਼ੇਸ਼।

## ਧੰਨਤੇਰਸ ਕਿਉਂ ਮਨਾਈ ਜਾਂਦੀ ਹੈ?



ਵਰਲਡ ਪੰਜਾਬੀ ਟਾਈਮਜ਼
ਜਸਪਾਲ ਸਿੰਘ ਮਹਿਰੋਕ

ਧਨਤੇਰਸ ਦਾ ਤਿਉਹਾਰ ਹਰ ਸਾਲ ਕਾਰਤਿਕ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਤ੍ਰਯੋਦਸ਼ੀ ਤਰੀਕ ਨੂੰ ਮਨਾਇਆ ਜਾਂਦਾ ਹੈ। ਇਸ ਵਾਰ ਇਹ ਸ਼ੁਭ ਦਿਨ 10 ਨਵੰਬਰ ਸ਼ੁੱਕਰਵਾਰ ਨੂੰ ਹੈ। ਸ਼ਾਸਤਰਾਂ ਦੇ ਅਨੁਸਾਰ ਸਮੁੰਦਰ ਮੰਥਨ ਦੇ ਦੌਰਾਨ ਭਗਵਾਨ ਧਨਵੰਤਰੀ ਅੰਮ੍ਰਿਤ ਦੇ ਘੜੇ ਦੇ ਨਾਲ ਪ੍ਰਗਟ ਹੋਏ ਸਨ। ਇਸ ਲਈ ਇਸ ਦਿਨ ਨੂੰ ਧਨਤੇਰਸ ਜਾਂ ਧਨਤਰਯੋਦਸ਼ੀ ਵਜੋਂ ਜਾਣਿਆ ਜਾਂਦਾ ਹੈ। ਇਸ ਦਿਨ ਭਗਵਾਨ ਧਨਵੰਤਰੀ ਤੋਂ ਇਲਾਵਾ ਦੇਵੀ ਲਕਸ਼ਮੀ, ਧਨ ਦੇ ਮਾਲਕ ਕੁਬੇਰ ਅਤੇ ਮੌਤ ਦੇ ਭਗਵਾਨ ਯਮਰਾਜ ਦੀ ਵੀ ਪੂਜਾ ਕੀਤੀ ਜਾਂਦੀ ਹੈ। ਦੀਵਾਲੀ ਦਾ ਤਿਉਹਾਰ ਇਸ ਦਿਨ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਦਿਨ ਸੋਨਾ, ਚਾਂਦੀ ਜਾਂ ਨਵੇਂ ਭਾਂਡੇ ਖਰੀਦਣਾ ਬਹੁਤ ਸ਼ੁਭ ਮੰਨਿਆ ਜਾਂਦਾ ਹੈ। ਪਹਿਲਾਂ ਧਨ ਤੇਰਸ, ਅਗਲੇ ਦਿਨ ਨਰਕ ਚਤੁਰਦਸ਼ੀ, ਫੇਰ ਦੀਵਾਲ਼ੀ, ਉਸ ਤੋਂ ਬਾਦ ਗੋਵਰਧਨ ਪੂਜਾ ਅਤੇ ਭਾਈ ਦੂਜ। ਆਓ ਜਾਣਦੇ ਹਾਂ ਧਨਤੇਰਸ ਕਿਉਂ ਮਨਾਇਆ ਜਾਂਦਾ ਹੈ ਅਤੇ ਇਸ ਦੀ ਮਿਥਿਆ ਕਹਾਣੀ ਕੀ ਹੈ?

ਸ਼ਾਸਤਰਾਂ ਵਿਚ ਦਰਜ ਕਥਾਵਾਂ ਅਨੁਸਾਰ ਕਾਰਤਿਕ ਮਹੀਨੇ ਦੀ ਕ੍ਰਿਸ਼ਨ ਪੱਖ ਦੀ ਤ੍ਰਯੋਦਸ਼ੀ ਦੇ ਦਿਨ ਸਮੁੰਦਰ ਮੰਥਨ ਦੌਰਾਨ ਭਗਵਾਨ ਧਨਵੰਤਰੀ ਹੱਥਾਂ ਵਿਚ ਅੰਮ੍ਰਿਤ ਦਾ ਘੜਾ ਲੈ ਕੇ ਪ੍ਰਗਟ ਹੋਏ। ਇਹ ਮੰਨਿਆ ਜਾਂਦਾ ਹੈ ਕਿ ਭਗਵਾਨ ਧਨਵੰਤਰੀ ਵਿਸ਼ਨੂੰ ਦਾ ਅਵਤਾਰ ਹਨ।ਧਨਤੇਰਸ ਦਾ ਤਿਉਹਾਰ ਭਗਵਾਨ ਧਨਵੰਤਰੀ ਦੇ ਪ੍ਰਗਟ ਹੋਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।

ਧਨਤੇਰਸ ਨਾਲ ਸਬੰਧਤ ਇੱਕ ਕਥਾ ਹੈ ਕਿ ਕਾਰਤਿਕ ਕ੍ਰਿਸ਼ਨ ਤ੍ਰਯੋਦਸ਼ੀ ਦੇ ਦਿਨ ਭਗਵਾਨ ਵਿਸ਼ਨੂੰ ਨੇ ਦੈਂਤਾਂ ਦੇ ਗੁਰੂ ਸ਼ੁਕਰਾਚਾਰੀਆ ਦੀ ਦੇਵਤਿਆਂ ਦੇ ਕੰਮ ਵਿੱਚ ਰੁਕਾਵਟ ਪਾਉਣ ਬਦਲੇ ਇੱਕ ਅੱਖ ਫੋੜ ਦਿੱਤੀ ਸੀ।
ਕਥਾ ਅਨੁਸਾਰ ਦੇਵਤਿਆਂ ਨੂੰ ਰਾਜਾ ਬਲੀ ਦੇ ਡਰ ਤੋਂ ਮੁਕਤ ਕਰਨ ਲਈ ਭਗਵਾਨ ਵਿਸ਼ਨੂੰ ਨੇ ਵਾਮਨ ਦੇਵ ਦਾ ਅਵਤਾਰ ਧਾਰਿਆ ਅਤੇ ਰਾਜਾ ਬਲੀ ਦੇ ਯੱਗ ਸਥਾਨ 'ਤੇ ਪਹੁੰਚੇ। ਸ਼ੁਕਰਾਚਾਰੀਆ ਨੇ ਵੀ ਭਗਵਾਨ ਵਿਸ਼ਨੂੰ ਨੂੰ ਵਾਮਨ ਦੇ ਰੂਪ ਵਿੱਚ ਪਛਾਣ ਲਿਆ ਅਤੇ ਰਾਜਾ ਬਲੀ ਨੂੰ ਬੇਨਤੀ ਕੀਤੀ ਕਿ ਵਾਮਨ ਜੋ ਵੀ ਮੰਗੇ, ਉਸ ਤੋਂ ਇਨਕਾਰ ਕਰਨ। ਸ਼ੁਕਰਚਰੀਆ ਨੇ ਬਾਲੀ ਨੂੰ ਕਿਹਾ ਕਿ ਇਹ ਵਾਮਨ ਦੇ ਰੂਪ ਵਿੱਚ ਭਗਵਾਨ ਵਿਸ਼ਨੂੰ ਹਨ ਜੋ ਤੁਹਾਡੇ ਤੋਂ ਸਭ ਕੁਝ ਖੋਹਣ ਲਈ ਦੇਵਤਿਆਂ ਦੀ ਮਦਦ ਕਰਨ ਲਈ ਆਏ ਹਨ।

ਰਾਜਾ ਬਲੀ ਨੇ ਸ਼ੁਕਰਾਚਾਰੀਆ ਦੀ ਗੱਲ ਨਹੀਂ ਸੁਣੀ। ਰਾਜਾ ਬਲੀ ਨੇ ਵਾਮਨ ਪ੍ਰਭੂ ਵੱਲੋਂ ਮੰਗੇ ਤਿੰਨ ਕਦਮ ਜ਼ਮੀਨ ਦਾਨ ਕਰਨ ਲਈ ਕਮੰਡਲ ਵਿਚੋਂ ਪਾਣੀ ਲੈ ਕੇ ਦਾਨ ਦਾ ਸੰਕਲਪ ਲੈਣਾ ਸ਼ੁਰੂ ਕਰ ਦਿੱਤਾ। ਬਾਲੀ ਨੂੰ ਦਾਨ ਦੇਣ ਤੋਂ ਰੋਕਣ ਲਈ ਸ਼ੁਕਰਾਚਾਰੀਆ ਨੇ ਰਾਜਾ ਬਾਲੀ ਦੇ ਕਮੰਡਲ ਵਿੱਚ ਇੱਕ ਛੋਟੇ ਰੂਪ ਵਿੱਚ ਪ੍ਰਵੇਸ਼ ਕੀਤਾ। ਇਸ ਕਾਰਨ ਕਮੰਡਲ ਵਿੱਚੋਂ ਨਿਕਲਣ ਵਾਲੇ ਪਾਣੀ ਦਾ ਰਸਤਾ ਬੰਦ ਹੋ ਗਿਆ। ਵਾਮਨ ਦੇਵ ਸ਼ੁਕਰਾਚਾਰੀਆ ਦੀ ਚਾਲ ਸਮਝ ਗਏ। ਭਗਵਾਨ ਵਾਮਨ ਨੇ ਆਪਣੇ ਹੱਥ ਵਿੱਚ ਰੱਖੀ ਕੁਸ਼ਾ ਨੂੰ ਕਮੰਡਲ ਵਿੱਚ ਇਸ ਤਰ੍ਹਾਂ ਰੱਖਿਆ ਕਿ ਸ਼ੁਕਰਾਚਾਰੀਆ ਦੀ ਇੱਕ ਅੱਖ ਫੁੱਟ ਗਈ। ਸ਼ੁਕਰਾਚਾਰੀਆ ਤੁਰੰਤ ਤੜਫ਼ ਉੱਠਿਆ ਅਤੇ ਕਮੰਡਲ ਤੋਂ ਬਾਹਰ ਆ ਗਏ। ਇਸ ਤੋਂ ਬਾਅਦ ਬਾਲੀ ਨੇ ਤਿੰਨ ਕਦਮ ਜ਼ਮੀਨ ਦਾਨ ਕਰਨ ਦਾ ਪ੍ਰਣ ਲਿਆ। ਫਿਰ ਭਗਵਾਨ ਵਾਮਨ ਨੇ ਇੱਕ ਪੈਰ ਨਾਲ ਸਾਰੀ ਧਰਤੀ ਅਤੇ ਦੂਜੇ ਪੈਰ ਨਾਲ ਅੰਤਰਿਕਸ਼ ਨੂੰ ਮਾਪਿਆ। ਤੀਸਰਾ ਕਦਮ ਰੱਖਣ ਲਈ ਕੋਈ ਥਾਂ ਨਾ ਹੋਣ ਕਰਕੇ ਬਾਲੀ ਨੇ ਆਪਣਾ ਸਿਰ ਭਗਵਾਨ ਵਾਮਨ ਦੇ ਚਰਨਾਂ 'ਤੇ ਰੱਖ ਦਿੱਤਾ। ਬਾਲੀ ਦਾਨ ਵਿੱਚ ਸਭ ਕੁਝ ਗਵਾ ਬੈਠਾ।

ਇਸ ਤਰ੍ਹਾਂ ਦੇਵਤੇ ਬਲੀ ਦੇ ਡਰ ਤੋਂ ਮੁਕਤ ਹੋ ਗਏ ਅਤੇ ਬਾਲੀ ਨੇ ਜਿੰਨੀ ਦੌਲਤ ਉਨ੍ਹਾਂ ਤੋਂ ਖੋਹੀ ਸੀ, ਉਸ ਤੋਂ ਕਈ ਗੁਣਾ ਜ਼ਿਆਦਾ ਦੌਲਤ ਦੇਵਤਿਆਂ ਨੂੰ ਮਿਲੀ। ਇਸ ਕਾਰਨ ਵੀ ਧਨਤੇਰਸ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਧਨਤੇਰਸ ਦੇ ਦਿਨ ਸੋਨਾ ਚਾਂਦੀ ਅਤੇ ਹੋਰ ਧਾਤਾਂ ਨੂੰ ਆਪਣੀ ਸਮਰੱਥਾ ਅਨੁਸਾਰ ਕਿਸੇ ਵੀ ਰੂਪ ਵਿੱਚ ਖਰੀਦਣਾ ਬਹੁਤ ਸ਼ੁਭ ਮੰਨਿਆ ਜਾਂਦਾ ਹੈ। ਧਨ-ਦੌਲਤ ਦੀ ਪ੍ਰਾਪਤੀ ਲਈ ਭਗਵਾਨ ਕੁਬੇਰ ਲਈ ਘਰ ਦੇ ਪੂਜਾ ਸਥਾਨ 'ਤੇ ਦੀਵਾ ਜਗਾਉਣਾ ਚਾਹੀਦਾ ਹੈ ਅਤੇ ਮੌਤ ਦੇ ਦੇਵਤਾ ਯਮਰਾਜ ਲਈ ਮੁੱਖ ਗੇਟ 'ਤੇ ਵੀ ਦੀਵਾ ਜਗਾਉਣਾ ਸ਼ੁੱਭ ਮੰਨਿਆ ਜਾਂਦਾ ਹੈ।

# ਪਰਾਲੀ ਦੀ ਸੰਭਾਲ ਕਰਨ ਦੇ ਮਹੱਤਵ ਪੂਰਨ ਨੁਕਤੇ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਜਸਵਿੰਦਰ ਸਿੰਘ

ਕਿਸਾਨਾਂ ਨੂੰ ਪਰਾਲੀ ਦੀ ਵਰਤੋਂ ਬਾਰੇ ਸਹੀ ਜਾਣਕਾਰੀ ਨਾ ਹੋਣ ਕਾਰਨ ਉਹ ਪਰਾਲੀ ਸਾੜਨ ਲਈ ਮਜ਼ਬੂਰ ਹੁੰਦੇ ਹਨ।
ਹੇਠਾਂ ਲਿਖੇ ਵੱਖ ਵੱਖ ਢੰਗਾਂ ਨਾਲ ਪਰਾਲੀ ਸਾੜ੍ਹਨ ਨਾਲ ਹੋਣ ਵਾਲੇ ਪ੍ਰਦੂਸ਼ਣ ਦੀ ਸਮੱਸਿਆ ਘੱਟ ਹੋਵੇਗੀ:-

ਪਰਾਲੀ ਤੋਂ ਬਣਾਓ ਤੂੜੀ:
ਪਰਾਲੀ ਨੂੰ ਅੱਗ ਨਾ ਲਾ ਕੇ ਕਿਸਾਨ ਭਰਾ ਥਰੈਸ਼ਰ(Thresher) ਦੀ ਮਦਦ ਨਾਲ ਫ਼ਸਲ ਦੀ ਰਹਿੰਦ-ਖੂੰਹਦ ਨੂੰ ਤੂੜੀ ਚ ਬਦਲ ਸਕਦੇ ਹਨ। ਸਰਦੀਆਂਚ ਤੂੜੀ ਦੀ ਬਹੁਤ ਮੰਗ ਹੁੰਦੀ ਹੈ। ਓਦੋ ਬਜ਼ਾਰ 'ਚ ਤੂੜੀ 500 ਤੋਂ 600 ਰੁਪਏ ਕੁਇੰਟਲ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ। ਅਜਿਹੇ 'ਚ ਕਿਸਾਨ ਇਸ ਨੂੰ ਵੇਚ ਕੇ ਚੰਗੀ ਕਮਾਈ ਕਰ ਸਕਦੇ ਹਨ।



ਪਰਾਲੀ ਤੋਂ ਬਣਾਓ ਜੈਵਿਕ ਖਾਦ:
ਅੱਜ-ਕੱਲ੍ਹ ਖੇਤੀ ਚ ਜੈਵਿਕ ਖਾਦਾਂ ਦੀ ਵਰਤੋਂ ਵੱਡੀ ਮਾਤਰਾਚ ਹੋਣ ਲੱਗ ਪਈ ਹੈ। ਕਿਸਾਨ ਪਰਾਲੀ ਤੋਂ ਆਸਾਨੀ ਨਾਲ ਜੈਵਿਕ ਖਾਦ ਬਣਾ ਸਕਦੇ ਹਨ।
ਪਰਾਲੀ ਨੂੰ ਜੈਵਿਕ ਖਾਦਾਂ ਚ ਦੋ ਤਰੀਕਿਆਂ ਨਾਲ ਵਰਤਿਆ ਜਾਂਦਾ ਹੈ। ਪਹਿਲਾਂ, ਗਾਂ ਦੇ ਗੋਹੇਚ ਕੀੜਿਆਂ ਨੂੰ ਢੱਕਣ ਲਈ ਪਰਾਲੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਦੂਜਾ, ਪਰਾਲੀ ਨੂੰ ਗਲਾ ਕੇ ਜੈਵਿਕ ਖਾਦ ਬਣਾਈ ਜਾਂਦੀ ਹੈ।
*ਕੇਂਦਰੀ ਖੇਤੀ ਖੋਜ ਕੇਂਦਰ ਵੱਲੋਂ ਇਸ ਵਾਰ ਡੀਕੰਪੋਜ਼ਰ ਤਕਨੀਕ ਲਿਆਂਦੀ ਗਈ ਹੈ ਜਿਸ 'ਚ ਕੈਪਸੂਲ, ਗੁੜ ਤੇ ਵੇਸਣ ਦਾ ਘੋਲ ਤਿਆਰ ਕਰਕੇ ਪਰਾਲੀ 'ਤੇ ਛਿੜਕਾਅ ਕੀਤਾ ਜਾਵੇਗਾ
ਖੇਤੀ ਮਾਹਿਰਾਂ ਅਨੁਸਾਰ ਇਸ ਛਿੜਕਾਅ ਨਾਲ ਪਰਾਲੀ ਗਲ ਕੇ ਖਾਦ ਬਣ ਜਾਵੇਗੀ।
ਇਸ ਲਈ ਪਰਾਲੀ ਨੂੰ ਸਾੜਨ ਦੀ ਬਜਾਏ ਇਹ ਖੇਤ ਵਿੱਚ ਹੀ ਵਾਹੀ ਜਾਵੇ।ਇਸ ਨਾਲ ਖੇਤ ਦੀ ਉਪਜਾਉ ਸ਼ਕਤੀ ਵਧਦੀ ਹੈ।ਖੇਤੀ ਵਿਗਿਆਨੀਆਂ ਦੇ ਮੁਤਾਬਕ ਪਰਾਲੀ ਨੂੰ ਖੇਤ ਵਿੱਚ ਵਹੁਣ ਨਾਲ 25 ਪ੍ਰਤੀਸ਼ਤ ਨਾਈਟਰੋਜਨ ਅਤੇ ਫਾਰਸਫੋਰਸ, 50 ਪ੍ਰਤੀਸ਼ਤ ਗੰਧਕ ਅਤੇ 75 ਪ੍ਰਤੀਸ਼ਤ ਪੋਟਾਸ਼ ਧਰਤੀ ਨੂੰ ਇਸ ਪਰਾਲੀ ਤੋਂ ਮਿਲਦੀ ਹੈ।
*ਕਈ ਥਾਵਾਂ 'ਤੇ ਸਰਕਾਰ ਵੱਲੋਂ ਤੇ ਕਿਸਾਨਾਂ ਵੱਲੋਂ ਮਸ਼ੀਨਾਂ ਨਾਲ ਪਰਾਲੀ ਵੱਡ ਕੇ ਆਟੋਮੈਟਿਕ ਪੰਡਾਂ ਬੰਨ੍ਹ ਕੇ ਪਰਾਲੀ ਨੂੰ ਫੈਕਟਰੀਆਂ ਵਿੱਚ ਭੇਜਿਆ ਜਾ ਰਿਹਾ ਹੈ ਜੋ ਇੱਕ ਵਧੀਆ ਉਪਰਾਲਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਤੋਂ ਬਿਨਾਂ ਕੋਈ ਖਰਚਾ ਕਰਵਾਏ ਖੁਦ ਇਸ ਤਰ੍ਹਾਂ ਦੇ ਪਰਾਲੀ ਨੂੰ ਵੱਢ ਕੇ ਸਾਂਭਣ ਦੇ ਸਮੇਂ ਸਿਰ ਪ੍ਰਬੰਧ ਕਰੇ।
ਝੋਨੇ ਦੇ ਨਾੜ ਨੂੰ ਸਾੜਨ ਤੋਂ ਰੋਕਣ ਲਈ ਸਰਕਾਰ ਨੂੰ ਚਾਹੀਦਾ ਹੈ ਕਿਸਾਨਾਂ ਨੂੰ ਲੋੜੀਂਦੀਆਂ ਗਰਾਂਟਾਂ, ਮਸ਼ੀਨਰੀ, ਸਬਸਿਡੀਆਂ ਆਦਿ ਹੋਰ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਕਿਸਾਨ ਵੀਰ ਪਰਾਲ਼ੀ ਸਾੜਨ ਲਈ ਮਜ਼ਬੂਰ ਨਾ ਹੋਣ ,ਕਿਉਂਕਿ ਇਸ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ ਕਿਸਾਨਾਂ ਨੂੰ ਬਦਲਵੇਂ ਹੱਲ ਲੱਭਣੇ ਚਾਹੀਦੇ ਹਨ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਇਸ ਅੱਗ ਲਾ ਕੇ ਸਾੜਨ ਦੀ ਥਾਂ ਇਸ ਨੂੰ ਖਾਦ ਦੇ ਰੂਪ ਵਿਚ ਖੇਤ ਵਿਚ ਇਸਤੇਮਾਲ ਕਰਨ, ਜਾਂ ਪਰਾਲੀ ਤੋਂ ਪੇਪਰ, ਗੱਤਾ ਆਦਿ ਬਣਾਉਣ।

# ਵਾਹਨਾਂ ਦੀ ਓਵਰਲੋਡਿੰਗ

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ



ਮਨੁੱਖ ਦੇ ਇਹ ਸੁਭਾਅ ਵਿਚ ਹੀ ਹੈ ਕਿ ਉਹ ਥੋੜੇ ਜਿਹੇ ਲਾਲਚ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ,ਉਹ ਵਾਤਾਵਰਨ ਦਾ ਵੀ ਨੁਕਸਾਨ ਕਰ ਸਕਦਾ ਹੈ ਅਤੇ ਆਪਣੀ ਜ਼ਿੰਦਗੀ ਨੂੰ ਵੀ ਮੁਸ਼ਿਕਲਾਂ ਵਿੱਚ ਪਾ ਸਕਦਾ ਹੈ।ਇਹੀ ਸਭ ਕੁਝ ਅਜੋਕੇ ਸਮੇਂ ਵਿੱਚ ਸੜਕ ਹਾਦਸਿਆਂ ਦੇ ਮੁੱਖ ਕਾਰਨਾਂ ਵਿਚੋਂ ਇੱਕ ਬਣਿਆ ਹੋਇਆ ਹੈ।ਵਾਹਨ ਓਵਰਲੋਡਿੰਗ ਇਸ ਤਰ੍ਹਾਂ ਕੀਤੇ ਜਾਂਦੇ ਹਨ ਕਿ ਉਹ ਸਾਰੀ ਸੜਕ ਹੀ ਰੋਕ ਲੈਂਦੇ ਹਨ ,ਪਿੱਛੇ ਆ ਰਿਹਾ ਵਾਹਨ ਹਾਰਨ ਤੇ ਹਾਰਨ ਵਜਾ ਰਿਹਾ ਹੁੰਦਾ ਹੈ ਪਰ ਗਾਣਿਆਂ ਵਿੱਚ ਮਸਤ ਚਾਲਕ ਨੂੰ ਕੁਝ ਵੀ ਸੁਣਾਈ ਨਹੀਂ ਦਿੰਦਾ ਨੌਬਤ ਲੜਾਈ ਝਗੜੇ ਤੱਕ ਪਹੁੰਚ ਜਾਂਦੀ ਹੈ।ਹੁਣ ਅਸੀਂ ਦੇਖ ਰਹੇ ਹੋਵਾਂਗੇ ਹਰ ਪਾਸੇ ਪਰਾਲੀ ਤੋਂ ਗੱਠਾ ਬਣਾਉਣ ਦਾ ਕੰਮ ਚਲ ਰਿਹਾ ਹੈ।ਇਹ ਗੱਠਾ ਵਾਲੀਆਂ ਟਰਾਲੀਆਂ ਕੰਡਾ ਕਰਵਾਉਣ ਲਈ ਲੰਮੀਆਂ ਲੰਮੀਆਂ ਕਤਾਰਾਂ ਬਣਾ ਕੇ ਖੜ ਜਾਂਦੀਆਂ ਹਨ। ਸ਼ਾਮ ਨੂੰ ਕੰਡਾ ਬੰਦਾ ਹੋ ਜਾਂਦਾ ਹੈ। ਬੀਤੇ ਦਿਨ ਸਵੇਰੇ ਗੱਠਾ ਨਾਲ ਭਰੀ ਟਰਾਲੀ ਨਾਲ ਮੋਟਰਸਾਈਕਲ ਦੀ ਟੱਕਰ ਹੋ ਗਈ।ਗੱਠਾ ਵਾਲੀਆਂ ਟਰਾਲੀਆਂ ਇਕੱਲੀਆਂ ਖੜੀਆ ਸਨ ਉਹਨਾਂ ਕੋਲ ਕੋਈ ਉਹਨਾਂ ਦਾ ਮਾਲਕ ਵੀ ਨਹੀਂ ਸੀ। ਮੋਟਰਸਾਈਕਲ ਸਵਾਰਾਂ ਦੇ ਥੋੜੀਆਂ ਖਰੋਚਾਂ ਆਈਆਂ ਉਹ ਉੱਠ ਕੇ ਚਲੇ ਗਏ। ਸਵੇਰੇ ਸਵੇਰੇ ਇੱਕ ਤਾਂ ਧੁੰਦ ਪੈਣੀ ਸ਼ੁਰੂ ਹੋ ਗਈ ਹੈ ਉੱਤੋਂ ਧੂਆਂ ਧੁੰਦ ਨਾਲ ਮਿਲਕੇ ਧੁਆਖੀ ਧੁੰਦ ਬਣਾ ਲੈਂਦਾ ਹੈ ਜਿਸ ਵਿਚ ਵਾਹਨ ਚਾਲਕਾਂ ਨੂੰ ਕੁਝ ਦਿਖਾਈ ਨਹੀਂ ਦਿੰਦਾ।ਗੱਠਾ ਵਾਲੀ ਟਰਾਲੀ ਪਿੱਛੇ ਕੋਈ ਇੰਡੀਕੇਟਰ ਵੀ ਨਹੀਂ ਸੀ ਜਗਦਾ, ਸ਼ਾਇਦ ਇਸ ਨੂੰ ਦੇਖ ਕੇ ਹੀ ਪਿੱਛੇ ਆ ਰਿਹਾ ਵਾਹਨ ਸੁਚੇਤ ਹੋ ਜਾਵੇ। ਟ੍ਰੈਫਿਕ ਨਿਯਮਾਂ ਵਿੱਚ ਲਾਪਰਵਾਹੀ ਕਰਨਾ ਸੜਕ ਹਾਦਸਿਆਂ ਨੂੰ ਸੱਦਾ ਦਿੰਦਾ ਹੈ। ਵਾਹਨਾਂ ਦੀ ਓਵਰਲੋਡਿੰਗ ਨਾ ਕੀਤੀ ਜਾਵੇ। ਵਾਹਨਾਂ ਤੇ ਇੰਡੀਕੇਟਰ ਲਗਾਏ ਜਾਣ ਜੋ ਰਾਤ ਨੂੰ ਵਾਹਨ ਦੇ ਹੋਣ ਦਾ ਸੰਕੇਤ ਦੇਣ ਤਾਂ ਕਿ ਸੜਕ ਹਾਦਸਿਆਂ ਨੂੰ ਟਾਲਿਆ ਜਾ ਸਕੇ।

# ਦੀਵਾਲੀ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਅੱਜ ਖੁਸ਼ੀਆਂ ਦਾ ਤਿਉਹਾਰ ਦੀਵਾਲੀ ਹੈ,
ਲੋਕਾਂ ਨੂੰ ਪਟਾਕੇ ਚਲਾਉਣ ਦੀ ਬੜੀ ਕਾਹਲੀ ਹੈ।
ਪਟਾਕੇ ਚਲਾਉਣ ਵਾਲਿਓ ਲੋਕੋ,ਜ਼ਰਾ ਸੰਭਲ ਕੇ,
ਖਾ ਲਿਉ ਤਰਸ ਬੇਵੱਸ ਪੰਛੀਆਂ ਅਤੇ ਜਾਨਵਰਾਂ ਤੇ।
ਪਟਾਕਿਆਂ ਦੇ ਧੂੰਏਂ ਨਾਲ ਹਵਾ ਹੋਰ ਦੂਸ਼ਿਤ ਹੋ ਜਾਣੀ,
ਸਾਹ ਲੈਣ 'ਚ ਸਭ ਨੂੰ ਮੁਸ਼ਕਲ ਹੈ ਪੇਸ਼ ਆਉਣੀ।
ਕਰੋੜਾਂ ਰੁਪਏ ਫੂਕ ਕੇ ਤੁਸੀਂ ਕੀ ਪਾ ਲੈਣਾ,




ਝੁੱਗਾ ਆਪਣਾ ਤੁਸੀਂ ਹੋਰ ਵੀ ਚੌੜ ਕਰਾ ਲੈਣਾ।
ਨਕਲੀ ਮਠਿਆਈਆਂ ਖਾਣ ਤੋਂ ਵੀ ਕਰਿਉ ਪ੍ਰਹੇਜ਼,
ਇਨ੍ਹਾਂ ਨੇ ਤੁਹਾਨੂੰ ਹਸਪਤਾਲਾਂ 'ਚ ਦੇਣਾ ਭੇਜ।
ਫਿਰ ਦੇਣੇ ਪੈਣਗੇ ਤੁਹਾਨੂੰ ਹਜ਼ਾਰਾਂ ਰੁਪਏ ਦੇ ਬਿੱਲ,
ਮਹੀਨਾ ਭਰ ਮੰਜਿਆਂ ਤੋਂ ਤੁਹਾਥੋਂ ਹੋਣਾ ਨ੍ਹੀ ਹਿੱਲ।
ਇਸ ਕਰਕੇ ਜੋ ਕੁਝ ਚਾਹੁੰਦੇ ਹੋ ਤੁਸੀਂ ਖਾਣਾ,
ਉਹ ਆਪਣੇ ਘਰਾਂ 'ਚ ਬੈਠ ਕੇ ਹੀ ਬਣਾਉਣਾ।
ਏਸੇ ਵਿੱਚ ਹੀ ਹੈ ਭਲਾ ਲੋਕੋ,ਤੁਹਾਡਾ ਸਭ ਦਾ,
ਚੱਜ ਨਾਲ ਮਨਾਇਆਂ ਹੀ ਤਿਉਹਾਰ ਚੰਗਾ ਲੱਗਦਾ।

# ਸਾੜ ਨਾ ਪਰਾਲ਼ੀ



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਸੁਣ ਕਿਰਸਾਨਾ! ਤੇਰੇ ਅੰਦਰ, ਗਫ਼ਲਤ ਭਰੀ ਹੈ ਬਾਹਲ਼ੀ।
ਬਿਨਾਂ ਸੋਚਿਆਂ ਸਾੜ ਰਿਹੈਂ ਤੂੰ, ਖੇਤਾਂ ਵਿੱਚ ਪਰਾਲ਼ੀ।
ਧਰਤੀ ਦੀ ਕੁੱਖ ਬੰਜਰ ਹੋ ਗਈ, ਕੱਖ ਰਿਹਾ ਨਾ ਪੱਲੇ
ਘਰ ਦੇ ਭਾਂਡੇ ਵੇਚ 'ਤੇ ਸਾਰੇ, ਰਿਹਾ ਨਾ ਛੰਨਾ-ਥਾਲ਼ੀ।
ਸਾੜ-ਫੂਕ ਨਾਲ਼ ਧੂੰਆਂ ਉਠਦੈ, ਹੋਣ ਕਈ ਘਟਨਾਵਾਂ
ਸਹਿਜ-ਵਿਚਾਰ ਕੇ ਕੰਮ ਕਰੀਂ ਸਭ, ਨਾ ਕਰ ਐਨੀ ਕਾਹਲ਼ੀ।
ਚਾਰ-ਚੁਫੇਰਾ ਦੂਸ਼ਿਤ ਹੋਇਆ, ਨਾ ਦਿੱਸੇ ਨਾ ਭਾਲ਼ੇ
ਮੰਜੇ ਤੇ ਪਈ ਹੂੰਗ ਰਹੀ ਹੈ, ਮੰਗੂ ਦੀ ਘਰਵਾਲ਼ੀ।
ਕੀੜੇਮਾਰ ਦਵਾਈਆਂ ਵਰਤੇਂ, ਜ਼ਹਿਰ ਉਗਾਈ ਜਾਵੇਂ
ਮਾਂ ਧਰਤੀ ਦਾ ਹਾਲ ਬੁਰਾ ਹੈ, ਦੇਹ ਨਸ਼ਿਆਂ ਨੇ ਗਾਲ਼ੀ।
ਏਸ ਧੁਆਂਖੇ ਮੰਜ਼ਰ ਵਿੱਚ, ਹਰ ਕੋਈ ਖਊਂ-ਖਊਂ ਕਰਦਾ
ਦਿਲ ਦੀ ਧੜਕਣ ਰੁਕ ਜਾਣੀ ਹੈ, ਬੰਦ ਹੋਊ ਸਾਹ-ਨਾਲ਼ੀ।
ਮਿੱਤਰ-ਕੀੜੇ ਅੱਗ 'ਚ ਸਾੜੇ, ਧਰਤ ਸੇਕ ਨਾਲ਼ ਲੂਹੇ
ਦਿਨ ਦਾ ਚਾਨਣ ਬਣਿਆ ਹੁਣ ਤਾਂ, ਰਾਤ ਹਨੇਰੀ ਕਾਲ਼ੀ।
ਬੱਚੇ ਭੁੱਖੇ-ਨੰਗੇ ਫਿਰਦੇ, ਸ਼ੌਕ ਅਜੀਬ ਮਸਤ ਨੇ –
ਡੱਬ 'ਚ ਬੋਤਲ, 'ਫ਼ੀਮ ਹੈ ਜੇਬੀਂ, ਮੋਢੇ ਟੰਗੀ ਦੁਨਾਲ਼ੀ।
ਬੇਰ ਡੁੱਲ੍ਹੇ ਪਰ ਵਿਗੜਿਆ ਕੁਝ ਨਾ, ਪਛਤਾਵੇਂਗਾ ਪਿੱਛੋਂ
ਲੰਘੇ ਵਕਤ ਨੇ ਹੱਥ ਨ੍ਹੀਂ ਆਉਣਾ, ਗੱਲ ਨਾ ਜਾਊ ਸੰਭਾਲ਼ੀ।
ਆਮ ਕਵੀ-ਜਨ ਹਾਂ ਭਾਵੇਂ, ਪਰ ਗ਼ੌਰ ਜ਼ਰਾ ਫ਼ਰਮਾਈਂ
ਪਰਖ-ਤੋਲ ਵਿੱਚ ਗੱਲ ਮੇਰੀ ਹੈ, ਪੂਰੀ ਸੋਰੀ-ਚਾਲ਼ੀ।

# ਪੰਜਾਬੀ

ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ ਬਠਿੰਡਾ

ਦੁਸ਼ਮਣ ਦੇ ਨਾਲ ਲੜੀ ਪੰਜਾਬੀ
ਧੌਣ ਤੋਂ ਫਿਰਦੀ ਫੜੀ ਪੰਜਾਬੀ

ਦੇਗਾਂ ਵਿੱਚ ਉਬਾਲੇ ਖਾਧੇ
ਚਰਖੜੀਆਂ ਤੇ ਚੜ੍ਹੀ ਪੰਜਾਬੀ

ਬੰਦ ਬੰਦ ਕਟਵਾਇਆ ਪਹਿਲਾਂ
ਰੰਬਿਆਂ ਦੇ ਨਾਲ ਘੜ੍ਹੀ ਪੰਜਾਬੀ

ਗੁਰੂਆਂ ਦੇ ਮੁੱਖੋਂ ਜਨਮ ਲਿਆ ਹੈ
ਮੋਤੀਆਂ ਵਾਂਗੂੰ ਜੜੀ ਪੰਜਾਬੀ

ਇਨਕਲਾਬੀ ਨਾਹਰੇ ਲਾਕੇ
ਫਾਂਸੀ ਦੇ ਤਖ਼ਤੇ ਜਾ ਚੜ੍ਹੀ ਪੰਜਾਬੀ



ਹੱਸ ਹੱਸ ਕੇ ਅਸੀਂ ਜਾਂਨਾਂ ਵਾਰੀਆਂ
ਐਵੇਂ ਨੀ ਕਰਦੀ ਅੜੀ ਪੰਜਾਬੀ

ਸੀਨੇਂ ਤੇ ਆਪਣੇ ਸੰਤਾਪ ਹੰਢਾਵੇ
ਝੱਲਦੀ ਨਹੀਂ ਪਰ ਤੜੀ ਪੰਜਾਬੀ

ਸੀਸ ਤਲ਼ੀ ਤੇ ਧਰਕੇ ਲੜਦੀ
ਕੁੱੜ ਕੁੱੜ ਕੇ ਹੈ ਕੁੱੜੀ ਪੰਜਾਬੀ

ਸਿੱਧੂ ਹਰ ਥਾਂ ਸਾਡਾ ਮਾਨ ਵਧਾਇਆ
ਮੀਤੇ ਜਿੱਥੇ ਵੀ ਜਾਕੇ ਖੱੜ੍ਹੀ ਪੰਜਾਬੀ

ਦੁਸ਼ਮਣ ਦੇ ਨਾਲ ਲੜੀ ਪੰਜਾਬੀ
ਧੌਣ ਤੋਂ ਫਿਰਦੀ ਫੜੀ ਪੰਜਾਬੀ